15ਵੀਂ ਵਿਧਾਨ ਸਭਾ
ਚੌਦਵਾਂ ਸਮਾਗਮ (ਬਜਟ)

ਪੰਜਾਬ ਵਿਧਾਨ ਸਭਾ ਸਕੱਤਰੇਤ
(ਵਿਧਾਨ ਸ਼ਾਖਾ)
ਨੰ: 8-ਐਲ.ਏ.-2021/4655

**ਰਾਜਪਾਲ ਦੁਆਰਾ ਸੰਵਿਧਾਨ ਦੇ ਅਨੁਛੇਦ 176 (1) ਦੀ ਪੈਰਵੀ ਵਿਚ ਸੋਮਵਾਰ, 1 ਮਾਰਚ, 2021 ਨੂੰ 11.00 ਵਜੇ ਪੂਰਵ ਦੁਪਹਿਰ ਪੰਜਾਬ ਵਿਧਾਨ ਸਭਾ ਹਾਲ, ਵਿਧਾਨ ਭਵਨ, ਚੰਡੀਗੜ੍ਹ ਵਿਚ ਪੰਜਾਬ ਵਿਧਾਨ ਸਭਾ ਦੇ ਸਨਮੁੱਖ ਭਾਸ਼ਣ।**

---

1. ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ 10.50 ਵਜੇ ਸਵੇਰੇ ਤੱਕ ਪੰਜਾਬ ਵਿਧਾਨ ਸਭਾ ਹਾਲ, ਵਿਧਾਨ ਭਵਨ, ਵਿਚ ਆਪਣੀਆਂ ਸੀਟਾਂ ਤੇ ਹੋਣ।
2. ਉਹ ਅਗਲੀ ਕਤਾਰ ਦੀਆਂ ਸੀਟਾਂ ਨੂੰ ਛੱਡ ਕੇ, ਜੋ ਕਿ ਮੁੱਖ ਮੰਤਰੀ, ਮੰਤਰੀਆਂ, ਰਾਜ ਮੰਤਰੀਆਂ, ਵਿਰੋਧੀ ਧਿਰ ਦੇ ਨੇਤਾ ਅਤੇ ਲੇਡੀ ਮੈਂਬਰਜ਼ ਲਈ ਰਾਖਵੀਆਂ ਹਨ, ਕਿਸੇ ਵੀ ਸੀਟ ਤੇ ਬੈਠ ਸਕਦੇ ਹਨ ।
3. ਰਾਜਪਾਲ ਦੇ ਵਿਧਾਨ ਭਵਨ ਦੇ ਸੈਰੀਮੋਨੀਅਲ ਗੇਟ ਤੇ ਪਹੁੰਚਣ ਤੇ, ਮੁੱਖ ਮੰਤਰੀ, ਸਪੀਕਰ, ਸੰਸਦੀ ਕਾਜ ਮੰਤਰੀ, ਮੁੱਖ ਸਕੱਤਰ, ਪ੍ਰਮੁੱਖ ਸਕੱਤਰ/ਰਾਜਪਾਲ ਅਤੇ ਸਕੱਤਰ, ਪੰਜਾਬ ਵਿਧਾਨ ਸਭਾ ਉਨ੍ਹਾਂ ਦਾ ਸੁਆਗਤ ਕਰਨਗੇ। ਇਸ ਤੋਂ ਬਾਅਦ, ਉਹ ਸਾਰੇ ਇਕ ਜਲੂਸ ਦੀ ਸ਼ਕਲ ਵਿਚ ਮੈਂਬਰਾਂ ਦੇ ਪਰਵੇਸ਼ ਦੁਵਾਰ ਰਾਹੀਂ ਹਾਲ ਵਿਚ ਦਾਖਲ ਹੋਣਗੇ।
4. ਰਾਜਪਾਲ ਦੇ ਪਹੁੰਚਣ ਦਾ ਸਾਰਜੈਂਟ ਐਟ ਆਰਮਜ਼ ਐਲਾਨ ਕਰੇਗਾ। ਇਸ ਐਲਾਨ ਦੇ ਹੋਣ ਤੇ ਸਾਰੇ ਮੈਂਬਰ ਸਾਹਿਬਾਨ ਨੂੰ ਬਿਨੈ ਕੀਤੀ ਜਾਂਦੀ ਹੈ ਕਿ ਉਹ ਆਪਣੀਆਂ ਥਾਵਾਂ ਤੇ ਖੜ੍ਹੇ ਹੋ ਜਾਣ ਅਤੇ ਉਸ ਤੋਂ ਬਾਅਦ ਰਾਸ਼ਟਰੀ ਗੀਤ ਦੀ ਧੁੰਨ ਵਜਾਈ ਜਾਵੇਗੀ ਅਤੇ ਜਦੋਂ ਤਕ ਰਾਜਪਾਲ ਆਪਣੀ ਸੀਟ ਤੇ ਨਾ ਬੈਠ ਜਾਣ, ਖੜ੍ਹੇ ਰਹਿਣ।
5. ਇਸ ਉਪਰੰਤ, ਰਾਜਪਾਲ ਪੰਜਾਬ ਵਿਧਾਨ ਸਭਾ ਦੇ ਸਨਮੁੱਖ ਭਾਸ਼ਣ ਦੇਣਗੇ।
6. ਵਿਧਾਨ ਸਭਾ ਵਿਚ ਰਾਜਪਾਲ ਦੇ ਭਾਸ਼ਣ ਦੀ ਸਮਾਪਤੀ ਤੋਂ ਬਾਅਦ ਰਾਸ਼ਟਰੀ ਗੀਤ ਦੀ ਧੁੰਨ ਵਜਾਈ ਜਾਵੇਗੀ ਅਤੇ ਰਾਸ਼ਟਰੀ ਗੀਤ ਦੀ ਧੁੰਨ ਖਤਮ ਹੋਣ ਤੱਕ ਮੈਂਬਰ ਸਾਹਿਬਾਨ ਨੂੰ ਆਪਣੀਆਂ ਸੀਟਾਂ ਤੇ ਦੁਬਾਰਾ ਖੜ੍ਹੇ ਹੋਣ ਦੀ ਬੇਨਤੀ ਕੀਤੀ ਜਾਂਦੀ ਹੈ।
7. ਰਾਸ਼ਟਰੀ ਗੀਤ ਤੋਂ ਬਾਅਦ ਦੁਬਾਰਾ ਜਲੂਸ ਬਣਾਇਆ ਜਾਵੇਗਾ ਅਤੇ ਮੈਂਬਰ ਸਾਹਿਬਾਨ ਦੇ ਪਰਵੇਸ਼ ਦੁਵਾਰ ਰਾਹੀਂ ਹਾਲ ਤੋਂ ਬਾਹਰ ਚਲਾ ਜਾਵੇਗਾ।
8. ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਰਾਜਪਾਲ ਦੇ ਹਾਲ ਤੋਂ ਬਾਹਰ ਜਾਣ ਸਮੇਂ ਆਪਣੀਆਂ ਥਾਂਵਾਂ ਤੇ ਦੁਬਾਰਾ ਖੜ੍ਹੇ ਹੋ ਜਾਣ ਅਤੇ ਰਾਜਪਾਲ ਦੇ ਹਾਲ ਤੋਂ ਬਾਹਰ ਜਾਣ ਤਕ ਆਪਣੀਆਂ ਥਾਂਵਾਂ ਤੇ ਖੜ੍ਹੇ ਰਹਿਣ।

ਚੰਡੀਗੜ੍ਹ:
26 ਫਰਵਰੀ, 2021

ਸ਼ਸ਼ੀ ਲਖਨਪਾਲ ਮਿਸ਼ਰਾ
ਸਕੱਤਰ।

ਸੇਵਾ ਵਿਚ

ਪੰਜਾਬ ਵਿਧਾਨ ਸਭਾ ਦੇ ਸਮੂਹ ਮੈਂਬਰ ਸਾਹਿਬਾਨ ।

---

ਨੰ: 8-ਐਲ.ਏ.-2021/4655, ਮਿਤੀ ਚੰਡੀਗੜ੍ਹ, 26 ਫਰਵਰੀ, 2021

ਕਾਪੀ ਨਿਮਨਲਿਖਤ ਨੂੰ ਸੂਚਨਾ ਅਤੇ ਲੌੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ:-

1. ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ;
2. ਸਾਰੇ ਵਧੀਕ ਮੁੱਖ ਸਕੱਤਰ/ਵਿੱਤ ਕਮਿਸ਼ਨਰ/ਪ੍ਰਮੁੱਖ ਸਕੱਤਰ, ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ਚੰਡੀਗੜ੍ਹ;
3. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸੰਸਦੀ ਕਾਜ ਵਿਭਾਗ, ਚੰਡੀਗੜ੍ਹ (ਚਾਰ ਵਾਧੂ ਕਾਪੀਆਂ ਸਮੇਤ); ਅਤੇ
4. ਪ੍ਰਮੁੱਖ ਸਕੱਤਰ, ਰਾਜਪਾਲ ਪੰਜਾਬ, ਚੰਡੀਗੜ੍ਹ।

ਸੁਪਰਡੰਟ,
ਵਾਸਤੇ ਸਕੱਤਰ।

ਪਰਤੋ ਜੀ...